## ਅਧਿਆਇ-I

ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ ਨੂੰ ਚਲਾਉਣ ਅਤੇ ਅਗਵਾਈ ਦੇਣ ਵਾਲੀ ਤਾਕਤ ਪੰਚਾਇਤਾਂ, ਗਰਾਮ ਪੰਚਾਇਤਾਂ, ਪੰਚਾਇਤ ਸਮਿਤੀ ਅਤੇ ਜ਼ਿਲ੍ਹਾ-ਪ੍ਰੀਸ਼ਦ ਨੂੰ ਅਜਿਹੇ ਇਖ਼ਤਿਆਰਾਂ ਅਤੇ ਅਧਿਕਾਰ ਪ੍ਰਦਾਨ ਕਰਨ ਵਿੱਚ ਹੈ ਜਿਹੜੇ ਕਿ ਰਾਜ ਦੇ ਪੇਂਡੂ ਖੇਤਰਾਂ ਵਿੱਚ ਸਵੈ-ਸਰਕਾਰ ਦੀਆਂ, ਸੰਸਥਾਵਾਂ ਵਜੋਂ ਕੰਮ ਕਰਨ ਲਈ ਉਨ੍ਹਾਂ ਨੂੰ ਸਮਰੱਥ ਬਣਾਉਣ ਵਾਸਤੇ ਲੋੜੀਂਦੇ ਹੋਣ । ਭਾਰਤ ਦੇ ਸੰਵਿਧਾਨ ਦੀ 73ਵੀਂ ਸੋਧ ਨੇ ਦਿਹਾਤੀ ਲੋਕਾਂ, ਖ਼ਾਸ ਕਰਕੇ ਪੇਂਡੂ ਮਹਿਲਾਵਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਉਨ੍ਹਾਂ ਦੀ ਨਿਰੂਪਤ ਅਭਿਲਾਸ਼ਾਵਾਂ ਅਤੇ ਹੋਰ ਲੋੜਾਂ ਪੂਰੀਆਂ ਕਰਨ ਵਿੱਚ ਯਕੀਨੀ ਸਮੂਲੀਅਤ ਵਾਲਾ ਸਮਾਜਕ ਭਾਵੀ-ਦ੍ਰਿਸ਼ ਪ੍ਰਦਾਨ ਕੀਤਾ ਹੈ । ਵਿਭਾਗ ਪਾਸ ਸੁਚਾਰੂ ਪ੍ਰਬੰਧਕੀ ਢਾਂਚਾ ਹੈ, ਜਿਸ ਵਿੱਚ ਪ੍ਰਬੰਧਕ ਅਤੇ ਤਕਨੀਕੀ ਅਮਲਾ ਮੌਜੂਦ ਹੈ । ਇਸ ਢਾਂਚੇ ਦੀ ਬਣਤਰ ਅਨੁੱਲਗ ਅਨੁਸਾਰ ਚਾਰਟ ਦੇ ਰੂਪ ਵਿੱਚ ਦਰਸਾਇਆ ਗਿਆ ਹੈ ।

ਕਾਰਜ ਅਤੇ ਡਿਊਟੀਆਂ :-

ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਇਸ ਦੇ ਸੰਵਿਧਾਨਕ ਕਰਤਵ ਪੂਰੇ ਕਰਨ ਵਿੱਚ ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼.) ਦੀ ਸਹਾਇਤਾ ਕਰਨ ਦੀ ਡਿਊਟੀ ਸੌਂਪੀ ਜਾਂਦੀ ਹੈ । ਵਿਭਾਗ, ਵਿੱਚ ਕੰਮ ਕਰਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਿਮਨ ਮੁੱਖ ਕਾਰਜ ਅਤੇ ਡਿਊਟੀਆਂ ਹਨ :-

1. ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼.) ਦੇ ਸੁਚਾਰੂ ਕੰਮ-ਕਾਜ ਲਈ ਪ੍ਰਬੰਧਕੀ ਢਾਂਚਾ ਪ੍ਰਦਾਨ ਕਰਨਾ ।
2. ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼.) ਦੁਆਰਾ ਸਕੀਮਾਂ ਅਤੇ ਪ੍ਰਾਜੈਕਟਾਂ ਨੂੰ ਲਾਗੂ ਕਰਨ ਵਿੱਚ ਮਦਦ ਕਰਨਾ ।
3. ਵੱਖ-ਵੱਖ ਪੱਧਰਾਂ ਉਤੇ ਵੱਖ-ਵੱਖ ਵਿਕਾਸ ਸਕੀਮਾਂ ਚਲਾਉਣ ਵਾਸਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਕਨੀਕੀ ਸਹਾਇਤਾ ਅਤੇ ਜਾਣਕਾਰੀ ਦੇਣੀ ।
4. ਵਿਭਾਗ ਨਾਲ ਸਬੰਧਤ ਦਿਹਾਤੀ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਉਚਿਤ ਫੋਰਮ ਪ੍ਰਦਾਨ ਕਰਨਾ ।
5. ਪੰਚਾਇਤੀ ਰਾਜ ਸੰਸਥਾਵਾਂ ਅਤੇ ਦਿਹਾਤੀ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੁਨਾਸਬ ਸਿਖਲਾਈ ਪ੍ਰੋਗਰਾਮਾਂ ਅਤੇ ਕੋਰਸਾਂ ਦਾ ਪ੍ਰਬੰਧ ਕਰਨਾ ।
6. ਪੰਚਾਇਤੀ ਰਾਜ ਸੰਸਥਾਵਾਂ ਦੇ ਸੰਗਠਨਾਂ ਦੀ ਚੋਣ ਦੇ ਸਬੰਧ ਵਿੱਚ ਸਹਾਇਤਾ ਪ੍ਰਦਾਨ ਕਰਨੀ ।
7. ਛੋਟੇ ਪੱਧਰ ਉਤੇ ਯੋਜਨਾਬੰਦੀ ਦੇ ਫੋਰਮ ਦੇਣੇ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਯੋਜਨਾ ਬੋਰਡਾਂ ਦੇ ਸੰਵਿਧਾਨਕ ਸੰਗਠਨਾਂ ਰਾਹੀਂ ਜ਼ਿਲ੍ਹਾ ਪੱਧਰ ਉਪਰ ਸੰਗਠਿਤ ਕਰਨਾ ।
8. ਪੰਚਾਇਤਾਂ ਦੇ ਲਾਭ ਵਾਸਤੇ ਸ਼ਾਮਲਾਟ ਜ਼ਮੀਨਾਂ ਦੀ ਵਰਤੋਂ ਨੂੰ ਨਿਯਮਤ ਕਰਨ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਸਾਂਝੀ ਸੰਪਤੀ ਨੂੰ ਸੁਰਖਿਅਤ ਰੱਖਣ ਲਈ ਵੀ ਕੂਲੈਕਟਰ ਅਤੇ ਕਮਿਸ਼ਨਰ ਦੀਆਂ ਅਰਧ ਨਿਆਇਕ ਅਦਾਲਤਾਂ ਦੀ ਵਿਵਸਥਾ ਕਰਵਾਉਣੀ ।
9. ਦਿਹਾਤੀ ਖੇਤਰਾਂ ਦੀਆਂ ਮਹਿਲਾਵਾਂ ਨੂੰ ਉਹਨਾਂ ਦੀਆਂ ਸਮਾਜਿਕ ਲੋੜਾਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਨੂੰ ਮਜ਼ਬੂਤ ਕਰਨ, ਹਰਕਤ ਵਿੱਚ ਲਿਆਉਣਾ।

-------

## ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ

---

### ਪ੍ਰਬੰਧਕੀ ਢਾਂਚਾ

---

### ਵਿੱਤ ਕਮਿਸ਼ਨਰ/ਸਕੱਤਰ ਦਿਹਾਤੀ ਵਿਕਾਸ ਪੰਚਾਇਤਾਂ

---

| | |
|---|---|
| ਡਾਇਰੈਕਟਰ,<br>(ਦਿਹਾਤੀ ਵਿਕਾਸ ਪੰਚਾਇਤਾਂ) | ਸੰਯੁਕਤ ਵਿਕਾਸ ਕਮਿਸ਼ਨਰ<br>ਸੰਗਠਤ ਦਿਹਾਤੀ ਵਿਕਾਸ ਪ੍ਰੋਗਰਾਮ<br>(ਆਈ.ਆਰ.ਡੀ.ਪੀ.) |

---

| ਅਧੀਨ ਸਕੱਤਰ (ਦਿਹਾਤੀ ਵਿਕਾਸ) | ਉਪ ਸਕੱਤਰ ਦਿਹਾਤੀ ਵਿਕਾਸ | ਵਧੀਕ ਡਾਇਰੈਕਟਰ ਪੰਚਾਇਤਾਂ | ਕੰਟਰੋਲਰ ਪੰਚਾਇਤੀ ਰਾਜ ਵਿੱਤ | ਡਿਪਟੀ ਡਾਇਰੈਕਟਰ (ਭੌਂ-ਵਿਕਾਸ) | ਡਿਪਟੀ ਡਾਇਰੈਕਟਰ (ਮਹਿਲਾ ਪ੍ਰੋਗਰਾਮ) | ਸੰਯੁਕਤ ਡਾਇਰੈਕਟਰ ਪੰਚਾਇਤਾਂ | ਨਿਗਰਾਨ (ਪੰਚਾਇਤੀ ਰਾਜ ਸਰਕਲ) |
|---|---|---|---|---|---|---|---|
| ਗੈਰ ਗਜ਼ਟੀ (ਨਾਨ ਗਜ਼ਟਿਡ) ਅਮਲਾ (ਸਦਰ-ਮੁਕਾਮ) ਖੇਤਰ | ਗਜ਼ਟੀ (ਗਜ਼ਟਿਡ) ਅਮਲਾ (ਸਦਰ-ਮੁਕਾਮ/ਖੇਤਰ) | ਯੋਜਨਾ ਸਕੀਮਾਂ ਆਦਿਕ ਨਜਿੱਠੀਆਂ ਜਾਂਦੀਆਂ ਹਨ | ਵਿੱਤੀ ਮਸੌਦੇ ਆਦਿਕ ਨਜਿੱਠੇ ਜਾਂਦੇ ਹਨ | ਸ਼ਾਮਲਾਟ ਜ਼ਮੀਨ ਆਦਿ ਵਾਲਾ, ਮਸਲੇ ਨਜਿੱਠੇ ਜਾਂਦੇ ਹਨ | ਮਹਿਲਾਵਾਂ ਦੇ ਵਿਕਾਸ ਪ੍ਰੋਗਰਾਮ ਆਦਿਕ ਨਜਿੱਠੇ ਜਾਂਦੇ ਹਨ | ਅ. ਵਿੰਗ ਦਾ ਅਮਲਾ ਆਦਿ<br>ਪੰਚਾਇਤਾਂ ਚੋਣਾਂ ਪੁੱਛ-ਪੜਤਾਲਾਂ ਨਜਿੱਠੀਆਂ ਜਾਂਦੀਆਂ ਹਨ | ਇੰਜੀਨੀਅਰ ਵਿੰਗ |

---

## ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ

---

### ਖੇਤਰੀ ਸੰਗਠਨ

### ਡਵੀਜ਼ਨਲ (ਮੰਡਲ) ਡਿਪਟੀ ਡਾਇਰੈਕਟਰ

---

ਪਟਿਆਲਾ ਜਲੰਧਰ ਫਿਰੋਜ਼ਪੁਰ ਫਰੀਦਕੋਟ

---

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ–(17)

ਪਟਿਆਲਾ ਲੁਧਿਆਣਾ ਸੰਗਰੂਰ ਰੂਪਨਗਰ ਫਤਿਹਗੜ੍ਹ ਸਾਹਿਬ, ਜਲੰਧਰ ਅੰਮ੍ਰਿਤਸਰ ਕਪੂਰਥਲਾ ਗੁਰਦਾਸਪੁਰ ਨਵਾਂਸ਼ਹਿਰ ਹੁਸ਼ਿਆਰਪੁਰ, ਫਿਰੋਜ਼ਪੁਰ ਮੁਕਤਸਰ ਮੋਗਾ, ਫਰੀਦਕੋਟ ਬਠਿੰਡਾ ਮਾਨਸਾ

ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (14●)

ਸਮਾਜਿਕ ਸਿੱਖਿਆ ਅਤੇ ਪੰਚਾਇਤਾਂ ਅਫ਼ਸਰ–(14●) ਪੰਚਾਇਤ ਅਫ਼ਸਰ (14●) ਵਿਕਾਸ ਅਫ਼ਸਰ–(17)

---

1● ਗਰਾਮ ਸੇਵਕ (ਹਰੇਕ ਬਲਾਕ) 1 ਪੰਚਾਇਤ ਸਕੱਤਰ (5 ਪੰਚਾਇਤਾਂ ਦਾ) 2 ਗਰਾਮ ਸੇਵਕਾ (ਹਰੇਕ ਬਲਾਕ) ਸ਼ਿਲਪ (ਕਰਾਫਟ) ਅਧਿਆਪਕ

---

## ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ

(ਪ੍ਰਬੰਧਕੀ ਢਾਂਚਾ)

ਵਿੱਤ ਕਮਿਸ਼ਨਰ (ਦਿਹਾਤੀ ਵਿਕਾਸ ਤੇ ਪੰਚਾਇਤਾਂ)

---

ਡਾਇਰੈਕਟਰ (ਦਿਹਾਤੀ ਵਿਕਾਸ ਅਤੇ ਪੰਚਾਇਤਾਂ)

ਸੰਯੁਕਤ ਵਿਕਾਸ ਕਮਿਸ਼ਨਰ ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ (ਆਈ.ਆਰ.ਡੀ.ਪੀ.)

---

| ਉਪ ਸਕੱਤਰ (ਦਿਹਾਤੀ ਵਿਕਾਸ) | ਅਧੀਨ ਸਕੱਤਰ ਦਿਹਾਤੀ ਵਿਕਾਸ | ਵਧੀਕ ਡਾਇਰੈਕਟਰ (ਪੰਚਾਇਤਾਂ) | ਡਿਪਟੀ ਡਾਇਰੈਕਟਰ (ਮਹਿਲਾ ਪ੍ਰੋਗਰਾਮ) | ਕੰਟਰੋਲਰ ਪੰਚਾਇਤੀ (ਰਾਜ ਵਿੱਤ) | ਸੰਯੁਕਤ ਡਾਇਰੈਕਟਰ (ਪੰਚਾਇਤ) | ਨਿਗਰਾਨ ਇੰਜੀਨੀਅਰ (ਪੰਚਾਇਤ ਰਾਜ) | ਡਿਪਟੀ ਡਾਇਰੈਕਟਰ (ਐਲ.ਡੀ.) | ਡਿਪਟੀ ਡਾਇਰੈਕਟਰ (ਪੰਚਾਇਤਾਂ) |
|---|---|---|---|---|---|---|---|---|
| ਗਜ਼ਟੀ (ਗਜ਼ਟਿਡ) ਨਹੀਂ ਸਦਰ ਮੁਕਾਮ ਖੇਤਰ (ਦਿਹਾਤੀ ਵਿਕਾਸ ਅਮਲਾ ਆਰ.ਡੀ. ਈ.I, III,V ਸ਼ਾਖਾ) | 1. ਗੈਰ ਗਜ਼ਟੀ (ਨਾਨ ਗਜ਼ਟਿਡ) ਅਮਲਾ (ਸਦਰ ਮੁਕਾਮ/ ਖੇਤਰ) ਆਰ. ਡੀ.ਈ.III,IV (ਸਿਖਲਾਈ ਸ਼ਾਖਾ)<br>2. ਪੈਨਸ਼ਨ ਸੈਲ (ਸਰਕਾਰੀ ਪਾਸਾ) | 1. ਯੋਜਨਾ ਪਲਾਨ ਸਕੀਮਾਂ<br>2. ਫੋਕਲ ਪੁਆਇੰਟ<br>3. ਏ.ਆਈ.ਯੂਨਿਟ<br>4. ਈ.ਪੀ.ਓਜ਼ ਉਪਰ ਕੰਟਰੋਲ<br>5. ਡੀ.ਐਮ.ਜੀ.ਵੀ.<br>6. ਪਸ਼ੂ ਮੇਲਾ ਸੈੱਲ<br>7. ਏ.ਆਰ.ਟੀ. ਸ਼ਾਖਾ | 1. ਮਹਿਲਾ ਮੰਡਲ<br>2. ਧੂੰਆਂ ਰਹਿਤ ਚੁਲ੍ਹੇ<br>3. ਨਵੇਂ ਬਲਾਕਾਂ ਲਈ ਅਸਾਮੀਆਂ ਨੂੰ ਜਾਰੀ ਰੱਖਣਾ/ ਰਚਨਾ ਕਰਨੀ<br>4. ਫੁਟਕਲ ਕੰਮ<br>5. ਸਿਖਲਾਈ ਟ੍ਰੇਨਿੰਗ ਸ਼ਾਖਾ<br>6. ਐਸ.ਆਈ.ਆਰ. ਡੀ. ਨਾਭਾ ਤੇ ਬਟਾਲਾ<br>7. ਪੀ.ਐਮ.ਆਈ/ਓ. | 1. ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪੜਤਾਲ (ਪੀ.ਆਰ.ਆਈ.)<br>2. ਗੈਰ-ਯੋਜਨਾ ਲਈ ਬਜਟ<br>3. ਅਖ਼ਤਿਆਰੀ ਗ੍ਰਾਂਟਾਂ<br>4. ਜਾਇਦਾਦ ਸੈੱਲ<br>5. ਪੈਨਸ਼ਨ ਸੈੱਲ (ਪੀ./ਐਸ.)<br>6. ਏ.ਵੀ.ਏ.(ਇਕਾਈਆਂ) | 1. ਜੀ.ਪੀ.ਐਫ. ਸ਼ਾਖਾ<br>2. ਆਮ ਸ਼ਾਖਾ<br>3. ਅਮਲਾ ਸ਼ਾਖਾ<br>4. ਕਾਨੂੰਨੀ ਸ਼ਾਖਾ<br>5. ਚੋਣ ਸ਼ਾਖਾ | | 1. ਭੋਂ-ਵਿਕਾਸ ਸ਼ਾਖਾ<br>2. ਪੰਚਾਇਤੀ ਰਾਜ ਐਕਟ<br>3. ਪੰਚਾਇਤਾਂ ਦੀਆਂ ਸ਼ਿਕਾਇਤਾਂ/ ਪੜਤਾਲਾਂ (ਪਟਿਆਲਾ ਡਵੀਜ਼ਨ) | 1. ਬੀ.ਵਿੰਗ ਰਕਮ ਕਢਵਾਉਣ ਤੇ ਵੰਡਣ ਵਾਲਾ ਅਫ਼ਸਰ (ਡੀ.ਡੀ.ਓ.)<br>2. ਪੰਚਾਇਤਾਂ ਦੀਆਂ ਸ਼ਿਕਾਇਤਾਂ/ ਪੜਤਾਲਾਂ (ਜਲੰਧਰ ਮੰਡਲ) |

---

## ਅਨੁੱਲਗ

ਸੰਯੁਕਤ ਵਿਕਾਸ ਕਮਿਸ਼ਨਰ (ਆਈ. ਆਰ. ਡੀ.) ਪੰਜਾਬ/ਵਿਕਾਸ ਤੇ ਪੰਚਾਇਤ ਵਿਭਾਗ ਇਸਦੇ ਸੰਗਠਨ, ਕਾਰਜਾਂ ਅਤੇ ਡਿਊਟੀਆਂ ਦਾ ਵੇਰਵਾ :

ਆਈ. ਆਰ.ਡੀ. ਪੀ. ਵਿੰਗ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦਾ ਇਕ ਹਿੱਸਾ ਹੈ, ਇਸ ਵਿੰਗ ਦਾ ਸੰਸਥਾਪਨ ਢਾਂਚਾ ਨਿਮਨ ਅਨੁਸਾਰ ਹੈ :-

ਸਦਰ-ਮੁਕਾਮ

ਸੰਯੁਕਤ ਵਿਕਾਸ ਕਮਿਸ਼ਨਰ (ਆਈ.ਆਰ.ਡੀ.ਪੀ.)

| | | |
|---|---|---|
| ਡਿਪਟੀ ਡਾਇਰੈਕਟਰ (ਈ. ਪੀ.) | | ਅਰਥ ਵਿਗਿਆਨੀ ਤੇ ਅੰਕੜਾ ਵਿਗਿਆਨੀ |
| ਲੇਖਾ ਅਫ਼ਸਰ | ਸੁਪਰਡੰਟ | ਖੋਜ ਅਫ਼ਸਰ |
| | ਸੀਨੀਅਰ ਸਹਾਇਕ | ਤਫ਼ਤੀਸ਼ਕਾਰ |

ਜ਼ਿਲ੍ਹਾ ਪੱਧਰ

ਚੇਅਰਮੈਨ (ਡੀ. ਆਰ. ਡੀ .ਏ.)

| | | |
|---|---|---|
| ਏ.ਡੀ.ਸੀ (ਡੀ) ਤੇ ਏ.ਪੀ. ਓ. | | ਸੀ.ਈ. ਓ. ਜ਼ਿਲ੍ਹਾ ਪ੍ਰੀਸ਼ਦ |
| | ਸੁਪਰਡੰਟ | ਡਿਪਟੀ ਸੀ. ਈ. ਓ. |
| ਤਫ਼ਤੀਸ਼ਕਾਰ | ਲੇਖਾਕਾਰ | ਸੁਪਰਡੰਟ |
| ਕਲੱਰਕ | ਲੇਖਾ ਕਲੱਰਕ | ਲੇਖਾਕਾਰ |
| | ਕਲੱਰਕ | |

ਦਿਹਾਤੀ ਵਿਕਾਸ ਤੇ ਪੰਚਾਇਤ ਡਾਇਰੈਕਟੋਰੇਟ ਦੇ ਦੋ ਵਿੰਗ ਹਨ ਭਾਵ ੳ ਅਤੇ ਅ

### ੳ ਵਿੰਗ

ਆਰ.ਡੀ.ਈ.-1 ਤੋਂ 5 ਅਮਲਾ ਸ਼ਾਖਾਵਾਂ ਉੱਪ-ਸਕੱਤਰ, ਦਿਹਾਤੀ ਵਿਕਾਸ (ਡੀ.ਐਸ.ਆਰ.ਡੀ.) ਅਤੇ ਅਧੀਨ ਸਕੱਤਰ, ਦਿਹਾਤੀ ਵਿਕਾਸ (ਯੂ.ਐਸ.ਆਰ.ਡੀ.) ਅਧੀਨ ਮੁੱਖ ਤੌਰ ਤੇ ਦਿਹਾਤੀ ਵਿਕਾਸ ਪੰਚਾਇਤਾਂ ਵਿਭਾਗ (ਯੂ.ਐਸ. ਆਰ.ਡੀ.) ਦੇ ਅਧਿਕਾਰੀਆਂ/ਕਰਮਚਾਰੀਆਂ ਦਾ ਅਮਲੇ ਦੇ ਮਾਮਲਿਆਂ ਨੂੰ ਨਜਿਠੱਦੀਆਂ ਹਨ । ਉਹ ਆਪਣੀਆਂ ਮਿਸਲਾਂ ਡਾਇਰੈਕਟਰ, ਦਿਹਾਤੀ ਵਿਕਾਸ ਅਤੇ ਪੰਚਾਇਤਾਂ, ਜੋ ਵਿਸ਼ੇਸ ਸਕੱਤਰ ਦਿਹਾਤੀ ਵਿਕਾਸ ਤੇ ਪੰਚਾਇਤਾਂ (ਐਸ.ਆਰ.ਡੀ. ਪੀ.) ਦੇ ਤੌਰ ਤੇ ਵੀ ਕਾਰਜ ਕਰਦੇ ਹਨ, ਨੂੰ ਪੇਸ਼ ਕਰਦੀਆਂ ਹਨ ।

ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼.) ਦੇ ਵਿੱਤੀ ਮਾਮਲਿਆਂ ਬਾਰੇ ਕੰਟਰੋਲਰ, ਪੰਚਾਇਤੀ ਰਾਜ ਵਿੱਤ (ਸੀ.ਪੀ.ਐਫ.) ਵਿਭਾਗ ਦੇ ਬਜਟ ਲੇਖੇ/ਲੇਖਾ-ਪੜਤਾਲ ਅਤੇ ਪਸ਼ੂ ਮੇਲਾ ਸੈੱਲ (ਕੇਵਲ ਵਿੱਤੀ ਮਾਮਲੇ) ਨਾਲ ਸਬੰਧਤ ਕੰਮ ਬਾਰੇ ਗੌਰ ਕਰਦਾ ਹੈ । ਇਸ ਤੋਂ ਇਲਾਵਾ, ਸੰਯੁਕਤ ਡਾਇਰੈਕਟਰ (ਯੋਜਨਾਬੰਦੀ) ਵਿਭਾਗ ਦੀ ਯੋਜਨਾਬੰਦੀ ਸ਼ਾਖਾ ਦੇ ਕੰਮ ਬਾਰੇ ਗੌਰ ਕਰਦਾ ਹੈ ।ਆਰਥਿਕ ਚੌਕਸੀ ਇਕਾਈਆਂ ਦਾ ਖੋਜ ਅਫ਼ਸਰ ਲੋੜੀਂਦਾ ਡਾਟਾ ਇਕਤਰ ਕਰਨ ਤੇ ਸੰਕਲਿਤ ਕਰਨ ਵਿੱਚ ਉਸ ਦੀ ਮਦਦ ਕਰਦਾ ਹੈ । ਡਿਊਟੀਆਂ ਅਤੇ ਕੰਮਾਂ ਦਾ ਵੇਰਵਾ ਅਨੁਲੱਗ ਅਨੁਸਾਰ ਹੈ ।

ਉਪ ਡਾਇਰੈਕਟਰ (ਮਹਿਲਾ ਪ੍ਰੋਗਰਾਮ) ਵਿਕਾਸ ਅਫ਼ਸਰ (ਮਹਿਲਾ ਪ੍ਰੋਗਰਾਮ) ਅਤੇ ਮੁੱਖ ਸੇਵਕਾਵਾਂ ਆਦਿਕ ਰਾਹੀਂ ਮਹਿਲਾ-ਪ੍ਰੋਗਰਾਮਾਂ ਬਾਰੇ ਗੌਰ ਕਰਦਾ ਹੈ । ਇਕ ਸਿੱਖਿਆ ਅਤੇ ਪੰਚਾਇਤ ਅਫ਼ਸਰ (ਈ.ਪੀ.ਓ.) ਸਿਖਲਾਈ ਪ੍ਰੋਗਰਾਮ ਬਾਰੇ ਗੌਰ ਕਰਦਾ ਹੈ ।

## ਬਜਟ, ਲੇਖੇ ਅਤੇ ਸੰਕਲਨ ਸ਼ਾਖਾ

ਇਹ ਸ਼ਾਖਾ ਕੰਟਰੋਲਰ, ਪੰਚਾਇਤੀ ਰਾਜ ਵਿੱਤ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਕੰਮ ਕਰਦੀ ਹੈ । ਇਹ ਕੇਂਦਰੀ ਅਤੇ ਰਾਜ ਵਿੱਤੀ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਨੂੰ ਨਜਿੱਠਦੀ ਹੈ ਸਮੂਹ ਗ੍ਰਾਂਟਾ/ਮੰਨਜ਼ੂਰੀਆਂ ਵਿੱਤ ਕਮਿਸ਼ਨ (ਭਾਰਤ ਸਰਕਾਰ) ਅਤੇ ਰਾਜ ਵਿੱਤ ਕਮਿਸ਼ਨ (ਪੰਜਾਬ ਸਰਕਾਰ) ਦੁਆਰਾ ਨਿਰਧਾਰਤ ਅਗਵਾਈ-ਲੀਹਾਂ ਅਤੇ ਮਾਪਦੰਡਾਂ (ਪੈਰਾਮੀਟਰਜ਼) ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।

ਮੁੱਖ ਮੱਦਾਂ ਜਿਵੇਂ ਕਿ 2515-ਹੋਰ ਦਿਹਾਤੀ ਵਿਕਾਸ ਪ੍ਰੋਗਰਾਮ (ਗੈਰ ਯੋਜਨਾ), 3604 ਸ਼ਰਾਬ ਕਰ ਗ੍ਰਾਂਟ, 2202-ਦਸਤਕਾਰੀ (ਕਰਾਫ਼ਟ) ਅਧਿਆਪਕਾਂ ਦੀ ਤਨਖ਼ਾਹ ਅਤੇ 2235-ਪੈਨਸ਼ਨਰਾਂ ਨੂੰ ਡਾਕਟਰੀ-ਖ਼ਰਚੇ ਦੀ ਪ੍ਰਤੀ-ਪੂਰਤੀ ਅਧੀਨ ਗ੍ਰਾਂਟਾ ਦੇ ਮਾਮਲੇ ਇਸ ਸ਼ਾਖਾ ਦੁਆਰਾ ਨਜਿੱਠੇ ਜਾਂਦੇ ਹਨ । ਸਿਖਲਾਈ ਕੇਂਦਰ ਬਟਾਲਾ, ਨਿਗਰਾਨ ਇੰਜੀਨੀਅਰ (ਪੰਚਾਇਤੀ ਰਾਜ) ਅਤੇ ਪਸ਼ੂ ਮੇਲਾ ਅਮਲੇ ਦਾ ਬਜਟ ਵੀ ਇਸ ਸ਼ਾਖਾ ਦੁਆਰਾ ਤਿਆਰ ਕੀਤਾ ਜਾਂਦਾ ਹੈ ਅਤੇ ਉਸ ਦੀ ਘੋਖ ਵੀ ਇਸੇ ਸ਼ਾਖਾ ਦੁਆਰਾ ਹੀ ਕੀਤੀ ਜਾਂਦੀ ਹੈ ।

ਬਜਟ ਸ਼ਾਖਾ ਦੁਆਰਾ ਰਾਜ ਦੀਆਂ ਜ਼ਿਲ੍ਹਾ-ਪ੍ਰੀਸ਼ਦਾਂ, ਪੰਚਾਇਤ ਸਮਿਤੀਆਂ ਸਬੰਧੀ ਮਹੀਨਾਵਾਰ ਅਤੇ ਸਲਾਨਾ ਲੇਖੇ ਦਾ ਕੰਮ ਵੀ ਦੇਖਿਆ ਜਾਂਦਾ ਹੈ । ਵਿਭਾਗ ਦੀ ਆਮਦਨ ਅਤੇ ਖ਼ਰਚੇ ਦੇ ਲੇਖੇ ਦਾ ਮਿਲਾਨ ਮਹਾ-ਲੇਖਾਕਾਰ ਪੰਜਾਬ ਦੇ ਲੇਖੇ ਨਾਲ ਵੀ ਬਜਟ ਸ਼ਾਖਾ ਦੁਆਰਾ ਕੀਤਾ ਜਾਂਦਾ ਹੈ ।

ਸਰਕਾਰੀ ਰਕਮ (ਮੁਦਰਾ) ਸਬੰਧੀ ਮਹਾ-ਲੇਖਾਕਾਰ, ਪੰਜਾਬ ਦੀ ਲੇਖਾ-ਪੜਤਾਲ ਰਪੋਟ ਦੇ ਪੈਰ੍ਹਿਆਂ ਦਾ ਵੀ ਇਸ ਸ਼ਾਖਾ ਦੁਆਰਾ ਨਿਪਟਾਰਾ ਕੀਤਾ ਜਾਂਦਾ ਹੈ ।

## ਬਜਟ ਅਤੇ ਲੇਖਾ ਸ਼ਾਖਾ

ਬਜਟ ਅਤੇ ਲੇਖਾ ਸ਼ਾਖਾ ਕੰਟਰੋਲਰ ਪੰਚਾਇਤੀ ਰਾਜ (ਵਿੱਤ) ਦੀ ਨਿਗਰਾਨੀ ਅਤੇ ਕੰਟਰੋਲਰ ਅਧੀਨ ਕੰਮ ਕਰਦੀ ਹੈ ਅਤੇ ਨਿਮਨ ਦਰਜ ਕੰਮਾਂ ਨੂੰ ਨਜਿੱਠੀਦੀ ਹੈ :-

(1) ਅਖ਼ਤਿਆਰੀ ਗ੍ਰਾਂਟਾ ਜਿਵੇਂ ਕਿ ਵਿੱਤ ਵਿਭਾਗ ਵੱਲੋਂ ਪ੍ਰਵਾਨ ਕੀਤੀਆਂ ਅਤੇ ਸਤਿਕਾਰਯੋਗ ਮੁੱਖ ਮੰਤਰੀ ਅਤੇ ਹੋਰ ਮੰਤਰੀਆਂ, ਸਮੇਤ ਸੰਸਦੀ ਸਕੱਤਰਾਂ ਦੇ, ਦੁਆਰਾ ਪੂੰਜੀਗਤ ਮੱਦ (ਕੈਪੀਟਲ ਹੈੱਡ) "4515-ਪੂੰਜੀਗਤ ਲਾਗਤ- ਹੋਰ ਦਿਹਾਤੀ ਵਿਕਾਸ ਪ੍ਰੋਗਰਾਮ-ਮੰਤਰੀਆਂ ਦੁਆਰਾ ਵਿਕਾਸ ਮੰਤਵਾਂ ਲਈ ਅਖ਼ਤਿਆਰੀ ਗ੍ਰਾਂਟਾ" ਅਧੀਨ ਮਨਜ਼ੂਰੀ-ਪ੍ਰਾਪਤ ਇਹ ਗ੍ਰਾਂਟਾ ਵਿਸ਼ੇ ਉਪਰ ਸਾਲ ਦਰ ਸਾਲ ਦੇ ਆਧਾਰ ਉਪਰ ਜਾਰੀ ਕੀਤੀਆਂ ਅਗਵਾਈ-ਲੀਹਾਂ ਦੀ ਨੀਤੀ ਅਨੁਸਾਰ ਦਿੱਤੀਆਂ ਜਾਂਦੀਆਂ ਹਨ । ਸਬੰਧਤ ਜ਼ਿਲੇ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਦੇ ਨਾਮ ਤੇ ਗ੍ਰਾਂਟਾ ਜਾਰੀ

ਕੀਤੀਆਂ ਜਾਂਦੀਆਂ ਹਨ । ਜੋ ਅੱਗੇ ਉਨ੍ਹਾਂ ਨੂੰ ਉਨ੍ਹਾਂ ਏਜੰਸੀਆਂ ਦੇ ਨਾਮ ਤੇ ਰਿਲੀਜ਼ ਕਰਦਾ ਹੈ, ਜਿਹਨਾਂ ਦੇ ਨਾਮ ਤੇ ਅਸਲ ਵਿੱਚ ਮੁੱਖ ਮੰਤਰੀ/ਹੋਰ ਮੰਤਰੀਆਂ ਅਤੇ ਸੰਸਦੀ ਸਕੱਤਰਾਂ ਦੁਆਰਾ ਉਹ ਗ੍ਰਾਂਟਾ ਅਸਲ ਵਿੱਚ ਮਨਜ਼ੂਰ ਕੀਤੀਆਂ ਜਾਂਦੀਆਂ ਹਨ । ਗ੍ਰਾਂਟ ਦੀ ਉਚਿਤ ਢੰਗ ਨਾਲ ਵਰਤੋਂ-ਸਰਟੀਫ਼ਿਕੇਟ ਸਬੰਧਤ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਦੁਆਰਾ ਪੇਸ਼ ਕੀਤਾ ਜਾਂਦਾ ਹੈ ।

(2) ਮਹਾਲੇਖਾ ਨਿਰੀਖਕ ਅਤੇ ਮਹਾਲੇਖਾ ਪੜਤਾਲਕਾਰ ਨਾਲ ਸਬੰਧੀ ਰਿਪੋਰਟਾਂ ਅਤੇ ਜਨਤਕ ਲੇਖਾ ਕਮੇਟੀ (ਪੀ.ਏ.ਸੀ.) ਦੇ ਪੈਰ੍ਹਿਆਂ ਨਾਲ ਸਬੰਧਤ ਤਾਲਮੇਲ ਦੇ ਕੰਮ ਨੂੰ ਇਸ ਸ਼ਾਖਾ ਦੁਆਰਾ ਨਜਿੱਠਿਆ ਜਾਂਦਾ ਹੈ । ਜ਼ਿਲ੍ਹਾ ਪ੍ਰੀਸ਼ਦਾਂ/ਪੰਚਾਇਤ ਸਮਤੀਆਂ ਦੇ ਬਜਟ ਅਨੁਮਾਨਾਂ ਜੋ ਰਾਜ ਦੇ ਸੰਚਿਤ ਫ਼ੰਡ ਦੇ ਪੂਰਵ-ਦਰਸ਼ਨ ਤੋਂ ਬਾਹਰ ਹਨ, ਦੀ ਵੀ ਇਸ ਸ਼ਾਖਾ ਦੁਆਰਾ ਘੋਖ ਕੀਤੀ ਜਾਂਦੀ ਹੈ ।

ਲੇਖਾ ਪੜਤਾਲ ਸ਼ਾਖਾ

ਵਿਭਾਗ ਦਾ ਲੇਖਾ-ਪੜਤਾਲ ਵਿੰਗ ਸਿੱਧੇ ਤੌਰ ਤੇ ਕੰਟਰੋਲਰ ਪੰਚਾਇਤੀ ਰਾਜ (ਵਿੱਤ) ਦੇ ਕੰਟਰੋਲ ਅਧੀਨ ਕੰਮ ਕਰਦਾ ਹੈ ਅਤੇ ਇਸਦੀ ਸਹਾਇਤਾ ਇਕ ਸਹਾਇਕ ਕੰਟਰੋਲਰ, ਦੋ ਸੈਕਸ਼ਨ ਅਫ਼ਸਰਾਂ (ਐਸ.ਏ.ਐਸ.) ਅਤੇ ਪੰਜ ਸੀਨੀਅਰ ਲੇਖਾ-ਪ੍ਰੀਖਕਾਂ (ਗੈਰ-ਐਸ.ਏ.ਐਸ.) ਦੁਆਰਾ ਕੀਤੀ ਜਾਂਦੀ ਹੈ । ਐਸ.ਏ.ਐਸ. ਕਾਡਰ ਦੇ ਸੈਕਸ਼ਨ ਅਫ਼ਸਰ ਅਤੇ ਗ਼ੈਰ-ਐਸ.ਏ.ਐਸ. ਵਿਭਾਗੀ ਸੀਨੀਅਰ ਲੇਖਾ-ਪ੍ਰੀਖਕ ਨਿਮਨ-ਦਰਜ ਦਫ਼ਤਰਾਂ ਦੀ ਅੰਦਰੂਨੀ ਲੇਖਾ-ਪੜਤਾਲ ਵਾਸਤੇ ਜਿੰਮੇਵਾਰ ਹਨ :-

1) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ
2) ਜ਼ਿਲ੍ਹਾ ਪ੍ਰੀਸ਼ਦਾਂ
3) ਵਿਕਾਸ ਅਫ਼ਸਰ (ਮਹਿਲਾ ਪ੍ਰੋਗਰਾਮ)
4) ਪਸ਼ੂ ਮੇਲਾ ਅਫ਼ਸਰ
5) ਡਾਇਰੈਕਟਰ, ਰਾਜ ਦਿਹਾਤੀ ਵਿਕਾਸ ਸੰਸਥਾ (ਐਸ.ਆਈ.ਆਰ.ਡੀ.) ਅਤੇ ਪ੍ਰਿੰਸੀਪਲ, ਜੀ.ਟੀ.ਸੀ., ਨਾਭਾ ਅਤੇ ਬਟਾਲਾ ਵਿਖੇ
6) ਪੰਚਾਇਤ ਸਮਤੀਆਂ

ਸੈਕਸ਼ਨ ਅਫ਼ਸਰ ਅਤੇ ਸੀਨੀਅਰ ਲੇਖਾ-ਪ੍ਰੀਖਕ (ਆਡੀਟਰ) (ਸਦਰ-ਮੁਕਾਮ ਵਿਖੇ) ਅੰਦਰੂਨੀ ਲੇਖਾ-ਪੜਤਾਲ ਅਤੇ ਮੁਆਇਨਾ ਰਿਪੋਰਟਾਂ/ਪ੍ਰੀਖਿਅਕ, ਸਥਾਨਕ ਫੰਡ ਲੇਖਾ, ਪੰਜਾਬ, ਚੰਡੀਗੜ੍ਹ, (ਪੰਚਾਇਤ ਸਮਤੀ/ਜ਼ਿਲ੍ਹਾ-ਪ੍ਰੀਸ਼ਦ ਫੰਡਾਂ ਦਾ ਕਾਨੂਨੀ ਲੇਖਾ-ਪ੍ਰੀਖਕ) ਮਹਾਲੇਖਾਕਾਰ ਪੰਜਾਬ, ਚੰਡੀਗੜ੍ਹ ਅਤੇ ਜ਼ਿਲ੍ਹਾ ਪੱਧਰ ਦੇ ਹੋਰ ਮੁਆਇਨਾ ਅਧਿਕਾਰੀਆਂ ਦੁਆਰਾ ਪੇਸ਼ ਕੀਤੇ ਨੋਟਾਂ ਦੀ ਪੈਰਵੀ-ਕਾਰਵਾਈ ਲਈ ਵੀ ਜ਼ਿੰਮੇਵਾਰ ਹਨ ।

ਕਲਾ ਸ਼ਾਖਾ

ਇਹ ਕਲਾ ਸ਼ਾਖਾ ਖੇਤਰ ਵਿੱਚ ਅਤੇ ਸਦਰ-ਮੁਕਾਮ ਵਿਖੇ ਕੰਮ ਕਰਦੇ ਅਧਿਕਾਰੀਆਂ ਦਾ ਪ੍ਰਸ਼ਾਸਕੀ ਚਾਰਟ ਤਿਆਰ ਕਰਦੀ ਹੈ, ਇਹ ਸ਼ਾਖਾ ਅੰਕੜਿਆਂ ਸਬੰਧੀ ਕਾਰਗੁਜ਼ਾਰੀ ਅਤੇ ਪ੍ਰਚਾਰ ਮੰਤਵਾਂ ਵਾਸਤੇ ਹੋਰ ਸਬੰਧਤ ਅਤੇ ਸਮੱਗਰੀ ਦੇ ਵੇਰਵੇ ਦਰਸਾਉਂਦੇ ਚਾਰਟ ਤਿਆਰ ਕਰਦੀ ਹੈ ।

ਪਸ਼ੂ ਮੇਲਾ ਸੈੱਲ

ਵਿਭਾਗ ਦੁਆਰਾ ਰਾਜ ਵਿੱਚ ਉਚਿਤ ਤੌਰ ਤੇ ਸ਼ਨਾਖ਼ਤ ਕੀਤੀਆਂ ਵੱਖ-ਵੱਖ 70 ਥਾਵਾਂ ਵਿਖੇ ਪਸ਼ੂ ਮੇਲਿਆਂ ਦਾ ਪ੍ਰਬੰਧ ਨਿਯਮਿਤ ਤੌਰ ਤੇ ਕੀਤਾ ਜਾਂਦਾ ਹੈ ।

ਇਹ ਸੈੱਲ ਨਿਮਨ ਸਬੰਧੀ ਕਾਰਜ ਨਜਿੱਠਦਾ ਹੈ :-

(i) ਪਸ਼ੂ ਮੇਲਿਆਂ ਦੀਆਂ ਜ਼ਮੀਨਾਂ ਦੀ ਬੋਲੀ ;

(ii) ਪਸ਼ੂ ਮੇਲਾ ਜੰਤਰੀ ਤਿਆਰ ਕਰਨਾ ; ਅਤੇ

(iii) ਪਸ਼ੂ ਮੇਲੇ ਦੀਆਂ ਜ਼ਮੀਨਾਂ ਦਾ ਰੱਖ-ਰਖਾਵ ਆਦਿਕ

## ਸਿਖਲਾਈ ਸ਼ਾਖਾ

ਇਹ ਸ਼ਾਖਾ ਵੱਖ-ਵੱਖ ਪੱਧਰਾਂ ਤੇ ਕੰਮ ਕਰਨ ਵਿੱਚ ਨਿਪੁੰਨਤਾ ਵਧਾਉਣ ਵਾਸਤੇ ਵਿਭਾਗੀ ਅਧਿਕਾਰੀਆਂ/ਕਰਮਚਾਰੀਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਸਿਖਲਾਈ ਦਿੰਦੀ ਹੈ । ਭਾਰਤ ਸਰਕਾਰ ਦੀਆਂ ਅਗਵਾਈ-ਲੀਹਾਂ ਅਨੁਸਾਰ, ਦਸਤਿਆਂ (ਬੈਚਾਂ) ਵਿੱਚ ਸਿਖਲਾਈ ਦੇਣ ਲਈ ਬਲਾਕ ਪੱਧਰ ਉਪਰ ਦੋ (2) ਦਿਵਸੀ ਸਿਖਲਾਈ ਕੈਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ । ਹਰੇਕ ਦਸਤੇ (ਬੈਚ) ਵਿੱਚ ਹਿੱਸਾ ਲੈਣ ਵਾਲੇ 75 ਵਿਅਕਤੀ ਹੁੰਦੇ ਹਨ । 141 ਬਲਾਕਾਂ ਵਿਚੋਂ ਹੁਣ ਤਕ 1●6 ਬਲਾਕਾਂ ਵਿੱਚ ਸਿਖਲਾਈ ਮੁਕੰਮਲ ਹੋ ਚੁੱਕੀ ਹੈ । ਸੰਵਿਧਾਨ ਦੀ 73ਵੀਂ ਤਰਮੀਮ ਉਪਰੰਤ (ਤੀਹਰੀ-ਥ੍ਰੀਟਾਇਰ) ਪੱਧਰ ਦੀ ਪ੍ਰਣਾਲੀ ਅਧੀਨ, ਪੰਚਾਇਤ ਰਾਜ ਸੰਸਥਾਵਾਂ ਹੇਠਲੇ ਪੱਧਰ ਤੇ ਇਖ਼ਤਿਆਰਾਂ ਦੀ ਸਪੁਰਦਗੀ ਕਰਨ ਨਾਲ ਭਾਰਤ ਗਣਰਾਜ ਪ੍ਰਣਾਲੀ (ਸਿਸਟਮ) ਦੀ ਰੀੜ ਦੀ ਹੱਡੀ ਬਣ ਗਈਆਂ ਹਨ । ਵਿਭਾਗ ਪਾਸ ਕ੍ਰਿੱਡ, ਇਡਸ, ਸੋਸਵਾ, ਖੇਤੀ, ਵਿਰਾਸਤ, ਜਨ ਸਿਖ਼ਸ਼ਾਨ, ਸੰਸਥਾਨ, ਸੋਫੋਸ਼ ਅਤੇ ਇਸਿਟੀ ਵਰਗੇ ਗ਼ੈਰ-ਸਰਕਾਰੀ ਸੰਗਠਨ ਵੀ ਰਾਜ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਸਿਖਲਾਈ ਦੇਣ ਵਾਸਤੇ ਹਨ ।

## ਅਮਲਾ ਸ਼ਾਖਾ (ਡਾਇਰੈਕਟੋਰੇਟ ਪਾਸਾ)

1) ਅਫ਼ਸਰਾਂ/ਕਰਮਚਾਰੀਆਂ ਦੇ ਅਮਲਾ-ਕਾਰਜਾਂ ਨਾਲ ਸਬੰਧਤ ਸਾਰੇ ਕੇਸ ।

2) ਸਦਰ ਮੁਕਾਮ ਦੇ ਅਮਲੇ ਦੇ ਤਨਖ਼ਾਹ ਬਿਲ, ਤਨਖ਼ਾਹ ਦੇ ਬਕਾਇਆ ਦੇ ਬਿਲ ਆਦਿਕ ਮੈਡੀਕਲ ਬਿਲ, ਸਫ਼ਰ-ਭੱਤਾ ਬਿਲ, ਫੁਟਕਲ ਬਿਲ ਤਿਆਰ ਕਰਕੇ ਅਤੇ ਹੋਰ ਫੁਟਕਲ ਕੰਮ-ਕਾਜ ।

3) ਸੇਵਾ-ਪੱਤਰੀਆਂ ਦਾ ਰੱਖ-ਰੱਖਾਵ ।

4) ਬਜਟ ਤਿਆਰ ਕਰਨ ਨਾਲ ਸਬੰਧਤ ਸਾਰੇ ਕੰਮ ਅਤੇ ਵਿੱਤ ਵਿਭਾਗ ਤੋਂ ਆਰਜ਼ੀ ਆਸਾਮੀਆਂ ਨੂੰ ਜਾਰੀ ਰੱਖਣ ਲਈ ਮਨਜ਼ੂਰੀ ਪ੍ਰਾਪਤ ਕਰਨ ਸਬੰਧੀ ਕੰਮ ਅਤੇ ਛੁੱਟੀ ਮਨਜ਼ੂਰ ਕਰਨਾ ।

5) ਅਫ਼ਸਰਾਂ/ਕਰਮਚਾਰੀਆਂ ਦੇ ਆਮਦਨ ਕਰ ਦਾ ਹਿਸਾਬ ਕਿਤਾਬ ਕਰਨਾ ।

6) ਕਰਮਚਾਰੀਆਂ ਦੀ ਗਰੁੱਪ ਇੰਸ਼ੋਰੈਂਸ ਸਕੀਮ ਤੇ ਲੇਖਿਆਂ ਦਾ ਰੱਖ-ਰੱਖਾਵ ।

7) ਖਜ਼ਾਨਾ ਦਫ਼ਤਰ ਨਾਲ ਤਨਖ਼ਾਹ, ਸਫ਼ਰ ਭੱਤਾ ਅਤੇ ਫੁਟਕਲ ਬਿਲਾਂ ਦੀਆਂ ਰਕਮਾਂ ਦਾ ਮਿਲਾਨ ਕਰਨਾ ।

8) ਲੇਖਾ-ਪੜਤਾਲ ਅਤੇ ਮੁਆਇਨਾ ਰਿਪੋਰਟਾਂ ।

9) ਕੈਸ਼ ਬੁੱਕ ਦਾ ਰੱਖ-ਰੱਖਾਵ ।

1●) ਪੰਚਾਇਤ ਸਕੱਤਰਾਂ ਦੇ ਅਮਲੇ ਬਾਰੇ ਮਾਮਲੇ ਅਰਥਾਤ ਨਿਯੁਕਤੀਆਂ, ਬਦਲੀਆਂ, ਨੀਤੀ ਮਾਮਲੇ, ਗਰੈਚੁਇਟੀ, ਛੁੱਟੀ ਦੀ ਨਕਦੀ, ਸਿਵਲ ਰਿੱਟ ਪਟੀਸ਼ਨਾਂ ਅਤੇ ਹੋਰ ਫੁਟਕਲ ਕੰਮ ।

11) ਦਫ਼ਤਰੀ ਕੰਮ-ਕਾਜ ਲਈ ਸਾਰੀਆਂ ਖਰੀਦਦਾਰੀਆਂ ਜਿਵੇਂ ਸਟੇਸ਼ਨਰੀ, ਫਰਨੀਚਰ ਆਦਿ ।

12) 17-ਈ (ਦਫ਼ਤਰੀ ਇਮਾਰਤ) ਅਤੇ ਸੈਕਟਰ 32 (ਸਟੋਰ ਇਮਾਰਤ), ਚੰਡੀਗੜ੍ਹ ਵਿਖੇ ਰਿਹਾਇਸ਼ੀ ਥਾਂ ਕਿਰਾਏ ਤੇ ਲੈਣ ਸਬੰਧੀ ਮਾਮਲੇ ।

13) ਰੋਜ਼ਗਾਰ ਦਫ਼ਤਰ ਅਤੇ ਆਰਥਿਕ ਤੇ ਅੰਕੜਾ ਵਿਭਾਗ ਲਈ ਗਰੁੱਪ ੳ, ਅ, ੲ ਅਤੇ ਸ ਸਬੰਧੀ ਤਿਮਾਹੀ-ਛਿਮਾਹੀ ਅਤੇ ਸਾਲਾਨਾ ਸਾਰਣੀਆਂ ਤਿਆਰ ਕਰਨੀਆਂ ।

14) ਡਾਕ-ਪ੍ਰਾਪਤੀ ਅਤੇ ਡਾਕ ਰਵਾਨਗੀ ਨਾਲ ਸਬੰਧਤ ਸਾਰੇ ਕੰਮ ਅਤੇ ਹੋਰ ਫੁਟਕਲ ਕੰਮ ।

15) ਡਾਕ-ਪ੍ਰਾਪਤੀ ਅਤੇ ਡਾਕ ਰਵਾਨਗੀ ਦਾ ਸਮੁੱਚਾ ਕੰਮ-ਕਾਜ ।

### ਜੀ.ਪੀ. ਫੰਡ (ਜਨਰਲ ਪ੍ਰਾਵੀਡੈਂਟ ਫੰਡ) ਸ਼ਾਖਾ

1) ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸਮੂਹ ਅਫ਼ਸਰਾਂ/ਕਰਮਚਾਰੀਆਂ (ਗਰੁੱਪ ੳ, ਅ, ੲ, ਸ) ਦੇ ਜੀ.ਪੀ. ਫੰਡ ਲੇਖਿਆਂ ਦਾ ਰੱਖ-ਰੱਖਾਵ ।

2) ਲੈਜਰ ਵਿੱਚ ਜਨਰਲ ਪ੍ਰਾਵੀਡੈਂਟ ਫੰਡ ਦੀਆਂ ਕਟੌਤੀਆਂ ਦੇ ਇੰਦਰਾਜ ਦਰਜ ਕਰਨ ਲਈ ਕੰਮ ਦਾ ਵੇਰਵਾ ।

3) ਸਾਲ ਦਰ ਸਾਲ ਆਧਾਰ ਤੇ ਅੰਸ਼ਦਾਤਾਵਾਂ ਨੂੰ ਜਨਰਲ ਪ੍ਰਾਵੀਡੈਂਟ ਫੰਡ ਦਾ ਵੇਰਵਾ-ਪੱਤਰ ਜਾਰੀ ਕਰਨਾ।

4) ਸੇਵਾ ਨਿਵਿਰਤ ਕਰਮਚਾਰੀਆਂ ਨੂੰ ਅੰਤਿਮ ਭੁਗਤਾਨ ਦੇ ਮਾਮਲੇ ।

5) ਮੋੜਨ-ਯੋਗ ਅਤੇ ਨਾ-ਮੋੜਨਯੋਗ ਪੇਸ਼ਗੀਆਂ ਨੂੰ ਮਨਜ਼ੂਰੀ ਦੇਣਾ ।

6) ਈ.ਐਲ.ਐਫ. ਅਤੇ ਏ.ਜੀ., ਪੰਜਾਬ ਦੇ ਲੇਖਾ-ਪੜਤਾਲ ਇਤਰਾਜ਼ਾਂ ਦਾ ਨਿਪਟਾਰਾ ਕਰਨਾ ।

7) ਜਨਰਲ ਪ੍ਰਾਵੀਡੈਂਟ ਫੰਡ (ਜੀ.ਪੀ. ਐਫ.) ਨਾਲ ਸਬੰਧਿਤ ਕੋਰਟ ਕੇਸਾਂ ਦਾ ਨਿਪਟਾਰਾ ਕਰਨਾ ।

8) ਅੰਸ਼-ਦਾਤਾਵਾਂ ਨੂੰ ਜਨਰਲ ਪ੍ਰਾਵੀਡੈਂਟ ਫੰਡ ਦੇ ਨੰਬਰ ਅਲਾਟ ਕਰਨੇ ।

9) ਜਨਰਲ ਪ੍ਰਾਵੀਡੈਂਟ ਫੰਡ ਨਾਲ ਸਬੰਧਿਤ ਹੋਰ ਸਾਰੇ ਫੁਟਕਲ ਕੰਮ ।

## ਭੋਂ ਵਿਕਾਸ ਸ਼ਾਖਾ

ਭੋਂ ਵਿਕਾਸ ਸ਼ਾਖਾ ਮੁੱਖ ਤੌਰ ਤੇ ਸ਼ਾਮਲਾਟ ਭੋਂ ਨਾਲ ਸਬੰਧਿਤ ਕੰਮ ਕਾਜਾਂ ਦਾ ਨਿਪਟਾਰਾ ਕਰਦੀ ਹੈ । ਇਸ ਸ਼ਾਖਾ ਦੇ ਮੁੱਖ ਕਾਰਜ ਨਿਮਨ ਲਿਖਤ ਹਨ :-

1) ਬਰਾਬਰ ਦੀ ਕੀਮਤ ਦੇ ਆਧਾਰ ਉਤੇ ਗੈਰ-ਸਰਕਾਰੀ ਮਾਲਕਾਂ ਦੀ ਭੋਂ ਦੀ ਅਦਲਾ ਬਦਲੀ ਨਾਲ ਸਬੰਧਿਤ ਕੇਸਾਂ ਦਾ ਨਿਪਟਾਰਾ ।

2) ਪੰਜਾਬ ਗਰਾਮ ਸਾਂਝੀ ਭੋਂ (ਨਿਯਮ) ਐਕਟ, 1961 ਦੀ ਧਾਰਾ 12 ਦੇ ਉਪਬੰਧਾਂ ਅਨੁਸਾਰ ਗਰਾਮ ਪੰਚਾਇਤ ਜ਼ਮੀਨਾਂ ਦਾ ਨਿਪਟਾਰਾ ਅਤੇ ਵਿਕਰੀ ।

3) ਧਾਰਾ 13 ਅਧੀਨ ਪ੍ਰਵਾਨਿਤ ਅਨੁਸਾਰ ਸ਼ਾਮਲਾਟ ਭੋਂ ਨੂੰ ਸੰਸਥਾਵਾਂ ਨੂੰ ਭੇਟਾ ਕਰਨਾ ।

4) ਪੰਜਾਬ ਗਰਾਮ ਸਾਂਝੀਆਂ ਜ਼ਮੀਨਾਂ (ਨਿਯਮ) ਐਕਟ, 1961 ਵਿੱਚ ਦਰਜ ਕਾਰਜ ਵਿੱਧੀ ਅਨੁਸਾਰ ਸ਼ਾਮਲਾਟ ਜ਼ਮੀਨਾਂ ਨੂੰ ਪੱਟੇ ਤੇ ਦੇਣ ਦੇ ਕੰਮ ਲਈ ਆਮ ਹਦਾਇਤਾਂ ਜਾਰੀ ਕਰਨੀਆਂ ਅਤੇ ਉਸਦਾ ਨਿਰੀਖਣ ਕਰਨਾ ।

5) ਸ਼ਾਮਲਾਟ ਜ਼ਮੀਨਾਂ ਨਾਲ ਸਬੰਧਿਤ ਵੱਖ ਵੱਖ ਅਦਾਲਤਾਂ ਵਿੱਚ ਲੰਬਿਤ ਅਦਾਲਤੀ ਕੇਸਾਂ ਦੀ ਪੈਰਵੀ ਕਰਨਾ ।

6) ਸਰਕਾਰੀ ਖ਼ਰਚੇ ਤੇ ਅਦਾਲਤੀ ਕੇਸਾਂ ਸਬੰਧੀ ਸਫਾਈ ਦੇਣ ਬਾਰੇ ਮਨਜ਼ੂਰੀ ਜਾਰੀ ਕਰਨੀ ।

7) ਸ਼ਾਮਲਾਟ ਜ਼ਮੀਨਾਂ ਦੇ ਅਣ-ਅਧਿਕਾਰਤ ਕਬਜ਼ੇ ਬਾਰੇ ਅਣ-ਅਧਿਕਾਰਤ ਕਬਜ਼ਿਆਂ ਨੂੰ ਹਟਾਉਣ ਲਈ ਖੇਤਰੀ (ਫੀਲਡ) ਦਫ਼ਤਰਾਂ ਪਾਸੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ । (ਡੀਲ ਕਰਨਾ)

8) ਐਕਟ ਦੀ ਧਾਰਾ 13 (ੳ) ਦੇ ਉਪਬੰਧਾਂ ਅਨੁਸਾਰ ਅਨੁਸੂਚਿਤ ਜਾਤੀਆਂ, ਪਛੱੜੀਆਂ ਸ਼੍ਰੇਣੀਆਂ, ਬੇ-ਜ਼ਮੀਨੇ ਮਜਦੂਰਾਂ, ਮੁਜਾਰਿਆਂ ਜਾਂ ਕਿਸੇ ਹੋਰ ਮੁਸਤਹਿਕ ਗਰੀਬ ਵਿਅਕਤੀ ਨੂੰ ਮਕਾਨਾਂ ਦੀ ਉਸਾਰੀ ਲਈ 5 ਮਰਲੇ ਦੇ ਪਲਾਟਾਂ ਬਾਰੇ ਸ਼ਾਮਲਾਟ ਜ਼ਮੀਨ ਦੀ ਅਲਾਟਮੈਂਟ ਨਾਲ ਸਬੰਧਿਤ ਕੇਸਾਂ ਦਾ ਨਿਪਟਾਰਾ ਕਰਨਾ ।

9) ਨੀਲਾਮ ਕੀਤੀ ਗਈ ਪੰਚਾਇਤ ਦੀ ਜ਼ਮੀਨ ਦੀਆਂ ਮਾਸਿਕ ਵੇਰਵਾ ਪੱਤਰੀਆਂ ।

1●) ਵਿਭਾਗੀ ਇਕੱਤਰਤਾਵਾਂ ਨਾਲ ਸਬੰਧਿਤ ਕੀਤੀ ਗਈ ਕਾਰਵਾਈ ਦੇ ਮਾਮਲੇ ਦਾ ਨਿਪਟਾਰਾ ਕਰਨਾ ।

(ੳ) ਉਸੇ ਧਾਰਾ 199 ਅਧੀਨ, ਪੰਚਾਇਤ ਦੇ ਮਤੇ ਨੂੰ ਮਨਸੂਖ ਕਰਨਾ ।

## ਆਮ ਸ਼ਾਖਾ

1) ਹਾਊਸ ਟੈਕਸ ਦੀ ਵਸੂਲੀ ਸਬੰਧੀ ਪ੍ਰਗਤੀ ਰਿਪੋਟ ਦਾ ਸੰਕਲਨ ਕਰਨਾ ।

2) ਗਰਾਮ ਪੰਚਇਤਾਂ ਦਾ ਮੁਆਇਨਾ ਕਰਨ ਸਬੰਧੀ ਪ੍ਰਗਤੀ ਰਿਪੋਟ ।

3) ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 86 ਅਧੀਨ ਗਰਾਮ ਪੰਚਾਇਤਾਂ ਦੁਆਰਾ ਕਰ ਲਗਾਉਣ ਸਬੰਧੀ ਰਿਪੋਟ ।

4) ਗੰਦੇ ਪਾਣੀ ਦੇ ਨਿਕਾਸ ਸਬੰਧੀ ਰਾਜ ਦੇ ਪੇਂਡੂ ਵਸਨੀਕਾਂ ਨੂੰ ਦਰਪੇਸ਼ ਤਕਲੀਫਾਂ ਸਬੰਧੀ ਰਿਪੋਟ ।

5) ਇਕੱਤਰੀ ਪਿੰਡ ਜਲ ਸਪਲਾਈ ਯੋਜਨਾ ਨੂੰ ਸੌਂਪਣ ਸਬੰਧੀ ਪੰਚਇਤ ਰਾਜ ਸੰਸਥਾਵਾਂ ਨੂੰ ਜਲ ਸਪਲਾਈ ਅਤੇ ਸਫਾਈ ਸਬੰਧੀ ਕਾਰਜਾਂ ਨੂੰ ਸਪੁਰਦਗੀ ।

6) ਰਜਿਸਟਰਾਰ ਅਰਥਾਤ ਸਬੰਧਿਤ ਗਰਾਮ ਸਭਾ ਦੇ ਪੰਚਾਇਤ-ਸਕੱਤਰ ਦੁਆਰਾ ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਕਰਨ ਸਬੰਧੀ ਖੇਤਰੀ (ਫੀਲਡ) ਅਫ਼ਸਰਾਂ ਤੋਂ ਰਿਪੋਰਟਾਂ ਮੰਗਣੀਆਂ ।

7) ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 2●● ਅਧੀਨ ਗਰਾਮ ਪੱਧਰ ਤੇ ਪ੍ਰਸ਼ਾਸਕ ਦੀ ਨਿਯੁਕਤੀ ਦੇ ਵਿਰੁੱਧ ਸ਼ਿਕਾਇਤਾਂ ਨੂੰ ਦੂਰ ਕਰਨਾ । ਰਾਜ ਵਿੱਚ ਗਰਾਮ ਪੰਚਾਇਤਾਂ ਦੇ ਕਾਰਜਾਂ ਅਤੇ ਪ੍ਰਾਪਤੀਆਂ ਸਬੰਧੀ ਸਾਲਾਨਾ ਪ੍ਰਸ਼ਾਸਨਿਕ ਰਿਪੋਟ ਤਿਆਰ ਕਰਨਾ ।

8) ਪਿੰਡਾਂ ਵਿੱਚ ਛੋਟਾ ਡਾਕਖਾਨਾ ਖੋਲ੍ਹਣਾ ਅਤੇ ਪਿੰਡ ਦੇ ਚੌਕੀਦਾਰ ਨੂੰ ਨਿਯੁਕਤ ਕਰਨਾ ।

9) ਦਿਹਾਤੀ ਇਲਾਕਿਆਂ ਵਿੱਚ ਅਵਾਰਾ ਕੁੱਤਿਆਂ ਦੇ ਕੰਟਰੋਲ ਅਤੇ ਉਨ੍ਹਾਂ ਦੀ ਨਸਬੰਦੀ ਸਬੰਧੀ ਰਿਪੋਟ ।

1●) ਪੀ.ਆਰ. ਆਈਜ਼. ਦੇ ਕੰਮ-ਕਾਜ ਸਬੰਧੀ ਇਸ਼ਤਿਹਾਰ ਪ੍ਰਕਾਸ਼ਿਤ ਕਰਨਾ ਅਤੇ ਵਿਭਾਗ ਦੀਆਂ ਸਕੀਮਾਂ ਦੀ ਪ੍ਰਗਤੀ ਤੇ ਨਜ਼ਰ ਰੱਖਣੀ ।

11) ਜ਼ਿਲ੍ਹਾ ਪੱਧਰ ਤੇ ਪੰਚਾਇਤ ਭਵਨ ਦੀ ਉਸਾਰੀ ਸਬੰਧੀ ਰਿਪੋਟ ਅਤੇ ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰ ਤੇ ਖੇਡ ਮੁਕਾਬਲੇ ਕਰਵਾਉਣੇ ।

12) ਹਰੇਕ ਪੰਚਾਇਤ ਵਿੱਚ ਹਾੜ੍ਹੀ ਅਤੇ ਸਾਉਣੀ ਮੀਟਿੰਗਾਂ ਕਰਵਾਉਣ ਸਬੰਧੀ ਰਿਪੋਟ ਅਤੇ ਉਨ੍ਹਾਂ ਦੀ ਪ੍ਰਗਤੀ ਤੇ ਨਜ਼ਰ ਰੱਖਣੀ ।

13) ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅਨਾਥ ਅਤੇ ਅਪੰਗ-ਪੈਨਸ਼ਨ ਆਦਿ ਦੀਆਂ ਗ੍ਰਾਂਟਾ ਸਮੇਤ ਸਮਾਜਕ ਸੁਰਖਿਆ, ਬਾਲ ਤੇ ਮਹਿਲਾ ਭਲਾਈ ਸਕੀਮਾਂ ਨੂੰ ਲਾਗੂ ਕਰਨਾ ।

14) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਮੁਸਤਹਿਕ ਗਰੀਬ ਵਿਅਕਤੀਆਂ ਦੀ ਭਲਾਈ ਸਬੰਧੀ ਸਕੀਮਾਂ ਨੂੰ ਲਾਗੂ ਕਰਨਾ ।

15) ਭਾਰਤੀ ਸੰਵਿਧਾਨ ਦੀ 73ਵੀਂ ਤਰਮੀਮ ਦੀ ਪਾਲਣਾ ਕਰਦੇ ਹੋਏ ਪੰਚਾਇਤੀ ਰਾਜ ਸਸੰਥਾਵਾਂ (ਪੀ.ਆਰ. ਆਈਜ਼.) ਨੂੰ ਇਖ਼ਤਿਆਰਾਂ ਦੀ ਸਪੁਰਦਗੀ ।

ਚੋਣ ਸ਼ਾਖਾ

1) ਨਵੀਆਂ ਪੰਚਾਇਤਾਂ ਦੇ ਗਠਨ, ਪੰਚਾਇਤਾਂ ਅਤੇ ਪੰਚਾਇਤ ਸਮਿਤੀਆਂ ਦੀਆਂ ਹਦਾਂ ਵਿੱਚ ਤਬਦੀਲੀ ਨਾਲ ਸਬੰਧਿਤ ਮਾਮਲਿਆਂ ਦਾ ਨਿਪਟਾਰਾ ਕਰਨਾ ।

2) ਆਮ ਚੋਣਾਂ ਦੌਰਾਨ ਪੰਚਾਇਤਾਂ ਅਤੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ-ਪ੍ਰੀਸ਼ਦਾਂ ਨੂੰ ਆਮ ਚੋਣਾਂ ਲਈ ਅਧਿਸੂਚਨਾ ਜਾਰੀ ਕਰਨਾ ।

3) ਸਬੰਧਿਤ ਪੰਚਾਇਤ ਦੀ ਆਬਾਦੀ ਦੇ ਆਧਾਰ ਤੇ ਪੰਚਾਂ (ਪੰਚਾਇਤ-ਵਾਰ) ਦੀਆਂ ਸੀਟਾਂ ਦੀ ਗਿਣਤੀ ਨਿਰਧਾਰਣ ਕਰਨਾ ।

4) ਪੰਚਾਇਤੀ ਰਾਜ ਸੰਗਠਨਾਂ ਦੀ ਚੋਣ ਲਈ ਪੰਜਾਬ ਪੰਚਾਇਤੀ ਰਾਜ ਐਕਟ, 1994 ਦੇ ਨਿਯਮ 11 ਅਨੁਸਾਰ ਮਹਿਲਾਵਾਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਰਗ ਲਈ ਪੰਚਾਂ ਦੇ ਅਹੁਦਿਆਂ (ਦਫ਼ਤਰਾਂ) ਦੀਆਂ ਸੀਟਾਂ ਨੂੰ ਰਾਖਵਾਂ ਰੱਖਣਾ ।

5) ਪੰਚਾਇਤ ਸਮਿਤੀ ਅਤੇ ਜ਼ਿਲ੍ਹਾ-ਪ੍ਰੀਸ਼ਦ ਦੇ ਮੈਂਬਰਾਂ ਦੀ ਚੋਣ ਲਈ ਇਲਾਕਾਈ ਚੋਣ ਹਲਕੇ ਦੀ ਰੂਪ ਰੇਖਾ ਤਿਆਰ ਕਰਨਾ ।

6) ਜ਼ਿਲ੍ਹਾ ਅਤੇ ਰਾਜ ਚੋਣ-ਕਮਿਸ਼ਨਰ ਨਾਲ ਆਮ ਪੱਤਰ ਵਿਹਾਰ ਦੇ ਕੰਮ ਦਾ ਨਿਪਟਾਰਾ ਕਰਨਾ ।

7) ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ-ਪ੍ਰੀਸ਼ਦਾਂ ਦੇ ਨਵੇਂ ਚੁਣੇ ਗਏ ਮੈਂਬਰਾਂ ਲਈ ਸੰਹੁ ਚੁੱਕਣ ਦੀ ਪ੍ਰਕਿਰਿਆ ਲਈ ਹਦਾਇਤਾਂ ਜਾਰੀ ਕਰਨਾ ।

8) ਆਮ ਲੋਕਾਂ ਦੀ ਜਾਣਕਾਰੀ ਲਈ ਚੋਣ ਪ੍ਰਕਿਰਿਆ ਦਾ ਆਮ ਇਸ਼ਤਿਹਾਰ ਦੇਣਾ ।

9) ਪ੍ਰੀਖਿਅਕ ਸਥਾਨਕ ਫੰਡ ਲੇਖੇ ਵਿਭਾਗ ਦਾ ਕਾਨੂੰਨੀ ਲੇਖਾ ਪ੍ਰੀਖਕ ਤੋਂ ਪ੍ਰਾਪਤ ਹੋਏ ਲੇਖਾ ਪੜਤਾਲ ਦੇ ਪੈਰ੍ਹਿਆਂ ਅਤੇ ਲੇਖਾ ਪੜਤਾਲ ਨੋਟਾਂ ਦਾ ਨਿਪਟਾਰਾ ਕਰਨ ਅਤੇ ਅਧਿਯਮਤਾਵਾਂ ਨੂੰ ਦਰੁਸਤ ਕਰਵਾਉਣਾ।

## ਸ਼ਿਕਾਇਤ ਸ਼ਾਖਾ

1) ਮਾਨਯੋਗ ਰਾਜਪਾਲ ਜੀ, ਮੁੱਖ ਮੰਤਰੀ ਜੀ ਅਤੇ ਦੂਜੇ ਮੰਤਰੀਆਂ ਅਤੇ ਸਿੱਧੇ ਤੌਰ ਤੇ ਸ਼ਿਕਾਇਤ ਕਰਤਾ ਵਲੋਂ ਸਾਬਕਾ ਪੰਚਾਂ/ਸਰਪੰਚਾਂ ਦਾ ਮੌਜੂਦਾ ਪੰਚਾਂ/ਸਰਪੰਚਾਂ ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ।

2) ਜਾਇਜ਼ ਹਲਫੀਆ ਬਿਆਨ ਨਾਲ ਉਚਿਤ ਤੌਰ ਤੇ ਸਮਰਥਨ ਕੀਤੀਆਂ ਸ਼ਿਕਾਇਤਾਂ ਨੂੰ ਸਬੰਧਿਤ ਰਿਕਾਰਡ ਦੇ ਆਧਾਰ ਤੇ ਫੈਸਲੇ ਲਈ ਦੋਹਾਂ ਧਿਰਾਂ ਨੂੰ ਬੁਲਾ ਕੇ ਜਾਂਚ ਪੜਤਾਲ ਕੀਤੀ ਜਾਂਦੀ ਹੈ । ਜਾਂਚ ਪੜਤਾਲ ਦਾ ਨਤੀਜਾ ਸਬੰਧਿਤ ਸਰਪੰਚਾਂ ਜਾਂ ਪੰਚਾਂ ਨੂੰ ਭੇਜਿਆ ਜਾਂਦਾ ਹੈ ।

3) ਜਾਂਚ ਪੜਤਾਲ ਦੀ ਸੱਮੁਚੀ ਕਾਰਵਾਈ ਜਨਤਾ ਲਈ ਖੁਲ੍ਹੀ ਹੈ । ਕੋਈ ਵੀ ਹਿੱਤਬਧ ਧਿਰ ਨਿਯਮ ਅਧੀਨ ਦਰਜ ਕਾਰਜ ਵਿੱਧੀ ਅਨਸਾਰ ਕਿਸੇ ਵੀ ਸਮੇਂ, ਜਾਂਚ-ਪੜਤਾਲ ਕਾਰਵਾਈ ਦੇ ਕਿਸੇ ਵੀ ਭਾਗ ਪ੍ਰਤੀ ਪਹੁੰਚ ਕਰ ਸਕਦੀ ਹੈ ।

4) ਡਿਵੀਜ਼ਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ, ਜਿਨ੍ਹਾਂ ਲਈ ਡਾਇਰੈਕਟਰ ਦੇ ਇਖ਼ਤਿਆਰ ਪੰਜਾਬ ਪੰਚਇਤੀ ਰਾਜ ਐਕਟ, 1994 ਅਧੀਨ ਨਿਮਨ ਸਬੰਧੀ ਸੌਂਪੇ ਗਏ ਹਨ :-

(ੳ) ਉਸੇ ਧਾਰਾ 20 ਅਧੀਨ ਸਰਪੰਚਾਂ ਦੀਆਂ ਮੁਅਤਲੀਆਂ ਅਤੇ ਉਨ੍ਹਾਂ ਨੂੰ ਹਟਾਇਆ ਜਾਣਾ ।

ਪੰਚਇਤੀ ਰਾਜ ਜਨਤਕ ਉਸਾਰੀ ਸ਼ਾਖਾ

ਵਿਭਾਗ ਵਿੱਚ ਨਿਗਰਾਨ (ਸੁਪਰਡੈਂਟਿੰਗ) ਇੰਜੀਨੀਅਰ (ਪੰਚਾਇਤੀ ਰਾਜ ਉਸਾਰੀ) ਦੇ ਕੰਟਰੋਲ ਅਧੀਨ ਇਕ ਵੱਖਰੀ ਪੰਚਾਇਤ ਰਾਜ ਉਸਾਰੀ ਸ਼ਾਖਾ ਹੈ । 16 ਮੰਡਲ (ਡਿਵੀਜ਼ਨਾਂ) ਹਨ, ਹਰੇਕ ਡਵੀਜ਼ਨ ਦੀ ਅਗਵਾਈ ਜ਼ਿਲ੍ਹਾ ਸਦਰ ਮੁਕਾਮ ਵਿਖੇ ਕਾਰਜਕਾਰੀ ਇੰਜੀਨੀਅਰ ਦੁਆਰਾ ਕੀਤੀ ਜਾਂਦੀ ਹੈ । ਹਰੇਕ ਮੰਡਲ ਵਿੱਚ, ਨਿਮਨ ਲਿਖੀ ਸਾਰਣੀ ਅਨੁਸਾਰ ਉਪ-ਮੰਡਲ ਇੰਜੀਨੀਅਰ ਅਧੀਨ ਉਪ-ਮੰਡਲ ਅਧਿਕਾਰੀ (ਪੀ.ਆਰ.) ਹਨ ।

ਅਧਿਕਾਰੀ (ਪੀ.ਆਰ.), ਜਿਨ੍ਹਾਂ ਦੀ ਅਗਵਾਈ ਨਿਮਨ ਸਾਰਣੀ ਅਨੁਸਾਰ ਉਪ-ਮੰਡਲ ਇੰਜੀਨੀਅਰਾਂ ਦੁਆਰਾ ਕੀਤੀ ਗਈ :-

| ਲੜੀ ਨੰ: | ਡਵੀਜ਼ਨਲ ਸਦਰ ਮੁਕਾਮ ਵਿਖੇ | | ਉਪ-ਡਵੀਜ਼ਨਲ ਸਦਰ ਮੁਕਾਮ ਵਿਖੇ |
|---|---|---|---|
| 1 | 2 | | 3 |
| 1. | ਅੰਮ੍ਰਿਤਸਰ | .. | ਅੰਮ੍ਰਿਤਸਰ |
| | | .. | ਤਰਨ ਤਾਰਨ |
| | | .. | ਪੱਟੀ |
| | | .. | ਅਜਨਾਲਾ |
| | | .. | ਬਾਬਾ ਬਕਾਲਾ (ਰਈਆ ਵਿਖੇ) |
| 2. | ਬਠਿੰਡਾ | .. | ਬਠਿੰਡਾ |
| | | .. | ਰਾਮਪੁਰਾ |
| | | .. | ਤਲਵੰਡੀ ਸਾਬੋ |

| 1 | 2 | | 3 |
|---|---|---|---|
| 3. | ਫਰੀਦਕੋਟ | .. | ਫਰੀਦਕੋਟ |
| | | .. | ਮੁਕਤਸਰ |
| | | .. | ਮਲੋਟ |
| 4. | ਫਤਹਿਗੜ੍ਹ ਸਾਹਿਬ | .. | ਫਤਹਿਗੜ੍ਹ ਸਾਹਿਬ |
| | | .. | ਖਮਾਣੋਂ (ਬਸੀ ਪਠਾਣਾ ਵਿਖੇ) |

| | | | |
|---|---|---|---|
| 5. | ਫਿਰੋਜ਼ਪੁਰ | .. | ਫਿਰੋਜ਼ਪੁਰ |
| | | .. | ਫਾਜ਼ਿਲਕਾ |
| | | .. | ਜ਼ੀਰਾ |
| 6. | ਗੁਰਦਾਸਪੁਰ | .. | ਗੁਰਦਾਸਪੁਰ |
| | | .. | ਬਟਾਲਾ |
| | | .. | ਪਠਾਨਕੋਟ |
| | | .. | ਡੇਰਾ ਬਾਬਾ ਨਾਨਕ |
| 7. | ਹੁਸ਼ਿਆਰਪੁਰ | .. | ਹੁਸ਼ਿਆਰਪੁਰ |
| | | .. | ਦਸੂਹਾ |
| | | .. | ਮੁਕੇਰੀਆਂ |
| | | .. | ਗੜ੍ਹਸ਼ੰਕਰ |
| 8. | ਕਪੂਰਥਲਾ | .. | ਕਪੂਰਥਲਾ |
| | | .. | ਫਗਵਾੜਾ |
| 9. | ਲੁਧਿਆਣਾ | .. | ਲੁਧਿਆਣਾ |
| | | .. | ਸਮਰਾਲਾ |
| | | .. | ਜਗਰਾਉਂ |
| | | .. | ਖੰਨਾ (ਦੋਰਾਹਾ ਵਿਖੇ) |
| 11. | ਮਾਨਸਾ | .. | ਮਾਨਸਾ |
| | | .. | ਬੁਢਲਾਡਾ |
| 12. | ਨਵਾਂ ਸ਼ਹਿਰ | .. | ਨਵਾਂ ਸ਼ਹਿਰ (ਕਾਰਜਕਾਰੀ-ਇੰਜੀਨੀਅਰ ਦੀ ਕੋਈ ਮਨਜ਼ੂਰੀ ਪ੍ਰਾਪਤ ਆਸਾਮੀ ਨਹੀਂ) |

| 1 | 2 | | 3 |
|---|---|---|---|
| 14. | ਪਟਿਆਲਾ | .. | ਪਟਿਆਲਾ |
| | | .. | ਰਾਜਪੁਰਾ |
| | | .. | ਨਾਭਾ |
| | | .. | ਸਮਾਣਾ |
| 15. | ਰੋਪੜ | .. | ਰੋਪੜ |
| | | .. | ਖਰੜ |

| | | | |
|---|---|---|---|
| 16. | ਸੰਗਰੂਰ | .. | ਸੰਗਰੂਰ |
| | | .. | ਮਲੇਰਕੋਟਲਾ |
| | | .. | ਬਰਨਾਲਾ |

---

ਇਸ ਦੇ ਨਾਲ-ਨਾਲ, ਰਾਜ ਵਿੱਚ ਜੂਨੀਅਰ ਇੰਜੀਨੀਅਰਾਂ ਦੀਆਂ 357 ਮਨਜ਼ੂਰੀ-ਪ੍ਰਾਪਤ ਅਸਾਮੀਆਂ ਹਨ । ਹਰੇਕ ਬਲਾਕ ਵਿੱਚ, 3 ਜੂਨੀਅਰ ਇੰਜੀਨੀਅਰ ਅਹੁੱਦੇ ਤੇ ਹਨ ।

ਉਸਾਰੀ ਵਿੰਗ ਦੇ ਕਾਰਜ

1) ਪੰਚਾਇਤ ਕਾਰਜ :

ਇਹ ਵਿੰਗ ਪੰਚਾਇਤਾਂ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦੀ ਨਿਗਰਾਨੀ ਅਤੇ ਮੁਆਇਨੇ ਕਰਦੀ ਹੈ ਅਤੇ ਪੰਚਾਇਤਾਂ ਨੂੰ ਤਕਨੀਕੀ ਸੇਧਾਂ ਮੁਹੱਈਆ ਕਰਦਾ ਹੈ ਅਤੇ ਕੀਤੇ ਗਏ ਕੰਮ ਦਾ ਜਾਇਜ਼ਾ ਵੀ ਲੈਂਦਾ ਹੈ ।

2) ਪੰਚਾਇਤ ਸਮਿਤੀ ਅਤੇ ਜ਼ਿਲ੍ਹਾ-ਪ੍ਰੀਸ਼ਦਾਂ ਦੇ ਕਾਰਜ :

ਇਹ ਵਿੰਗ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ-ਪ੍ਰੀਸ਼ਦਾਂ ਰਾਹੀਂ ਕੀਤੇ ਗਏ ਕੰਮ ਦੀ ਕਾਰਜਕਾਰੀ ਏਜੰਸੀ ਵਜੋਂ ਕੰਮ ਕਰਦੀ ਹੈ ਅਤੇ ਉਸਾਰੀ-ਕੰਮਾਂ ਸਬੰਧੀ ਇਨ੍ਹਾਂ ਸੰਗਠਨਾਂ ਨੂੰ ਤਕਨੀਕੀ ਸਹਾਇਤਾ ਵੀ ਮੁਹੱਈਆ ਕਰਵਾਉਂਦਾ ਹੈ ।

3) ਭੰਡਾਰ (ਡਿਪਾਜ਼ਿਟ) ਕਾਰਜ :

ਜ਼ਿਲ੍ਹਾ ਪੱਧਰ ਤੇ ਇਹ ਵਿੰਗ ਸਬੰਧਿਤ ਕਾਰਜਕਾਰੀ ਇੰਜੀਨੀਅਰ (ਪੀ.ਆਰ.) ਰਾਹੀਂ ਲੋਕ ਨਿਰਮਾਣ ਵਿਭਾਗ ਦੇ ਵਿਸ਼ੇਸ਼ ਵਿਵਰਣਾਂ ਦੇ ਨਮੂਨੇ ਉਤੇ ਭੰਡਾਰ (ਡਿਪਾਜ਼ਿਟ) ਕਰਦਾ ਹੈ ।

ਭਾਵੇਂ ਕਿ ਉਪਰੋਕਤ ਜਾਣਕਾਰੀ ਨੂੰ ਪ੍ਰਕਾਸ਼ਿਤ ਕਰਨ ਸਮੇਂ ਬਹੁਤ ਹੀ ਸਾਵਧਾਨੀ ਵਰਤੀ ਗਈ ਹੈ, ਤਾਂ ਵੀ ਵਿਭਾਗ ਕਿਸੇ ਵੀ ਬੇਧਿਆਨੀ (ਆਸਾਵਧਾਨੀ) ਵਾਲੀ ਗਲਤੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ ।